# ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ
## ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਬੀ ਬਲਾਕ , ਚੋਥੀ ਮਜਿੰਲ ਫੇਜ-8, ਐਸ.ਏ.ਐਸ ਨਗਰ
## ਅਮਲਾ-1 (ਤੱਰਕੀਆਂ)

**ਹੁਕਮ ਨੰ:-11/51-2017ਅਮਲਾ-1(ਤਰੱਕੀਆਂ)(8,9)/2019311551-11560**

**ਮਿਤੀ, ਸਅਸ ਨਗਰ:-** 13-08-2019 **ਹੋਮ ਸਾਇੰਸ**

ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸਨ ਨੰ: 185 ਆਫ 2014- ਸਵੀਟੀ ਬਡਵਾਲ ਅਤੇ ਹੋਰਾਂ ਵਿੱਚ ਮਿਤੀ 16-12-2016 ਦੇ ਹੁਕਮਾਂ ਦੇ ਸਨਮੁੱਖ ਵਿਭਾਗ ਵੱਲੋਂ ਮਾਸਟਰ/ਮਿਸਟ੍ਰੈਸ ਕਾਡਰ ਤੋਂ ਬਤੋਰ ਲੈਕਚਰਾਰ ਦੀਆਂ ਸਾਲ 2008, 2012 ਅਤੇ 2016-17 ਵਿੱਚ ਕੀਤੀਆਂ ਪਦ-ਉਨੱਤੀਆਂ ਦਾ ਰੀਵਿਯੂ ਕੀਤਾ ਗਿਆ।

ਸਾਲ 2008 ਅਤੇ 2012 ਵਿੱਚ ਬਤੌਰ ਲੈਕਚਰਾਰ ਹੋਮ ਸਾਇੰਸ ਕੋਈ ਪੱਦ-ਉਨੱਤੀ ਨਹੀ ਕੀਤੀ ਗਈ ਸੀ।

**ਸਾਲ 2016**ਰੀਵਿਯੂ ਉਪਰੰਤ ਹੇਠ ਦਰਸਾਏ ਗਏ ਮਾਸਟਰ / ਮਿਸਟ੍ਰੈਸ ਨੂੰ ਬਤੌਰ ਲੈਕਚਰਾਰ **ਹੋਮ ਸਾਇੰਸ**ਪੇ ਸਕੇਲ 10300 -34800 + 5400 (ਗਰੇਡ ਪੇਅ ) ਵਿੱਚ ਤੱਤਕਾਲ ਸਮੇਂ ਤੋਂ ਬਣਦੀ ਡੀਮ ਡੇਟ ਤੋਂ ਪਦ-ਉਨੱਤ ਕੀਤਾ ਜਾਂਦਾ ਹੈ:-

**ਸਾਲ 2016**

| Sr No | Sen No 19-6-19 | Name and Present Posting | Father's Name | Master Cadre Subject | M/F | Cat. | Actual date of Promotion | Date of promotion after review | StaffLoginID |
|---|---|---|---|---|---|---|---|---|---|
| 1 | 6253 | Prerna Kapoor, gsss Girls kapurthala | Sukhdev Raj | Home Sci | F | Gen | 03-Jul-16 | 03-Jul-16 | 248539527 |
| 2 | 30641 | Gurmeet Kaur, Gsss G, Faridkot | Amar Singh | Pbi | F | Gen | 03-Jul-16 | 03-Jul-16 | 631521471 |
| 3 | 30918 | Puneet inder Kaur Gssss Girls, Mansa | Jalawar Singh | Pbi | F | Gen | 03-Jul-16 | 03-Jul-16 | 842913760 |

ਰੀਵਿਯੂ ਦੇ ਕੰਮ ਲਈ ਸਾਰੇ ਵੇਰਵੇ ਵਿਭਾਗ ਦੇ e-portal ਤੋਂ ਹੀ ਲਏ ਗਏ ਹਨ।ਸਬੰਧਤਮਾਸਟਰ/ਮਿਸਟ੍ਰੈਸ ਦੇ ਲੋੜੀਂਦੇ ਵੇਰਵੇ **e-portal** ਤੇ ਉਪਲਬੱਧ ਹਨ, ਇਸ ਲਈ ਬਤੌਰ ਹੋਮ ਸਾਇੰਸ ਲੈਕਚਰਾਰ ਦੀ ਪਦ-ਉਨੱਤੀ ਲਈ ਕੋਈ ਵੀ ਪੈਡਿੰਗ ਨਹੀ ਰੱਖਿਆ ਗਿਆ ਹੈ।

ਮਿਤੀ 19-06-2019 ਦੀ ਮਾਸਟਰ ਕਾਡਰ ਦੀ ਸਾਂਝੀ ਸੀਨੀਆਰਤਾ ਸੂਚੀ ਅਨੁਸਾਰ ਤਰੱਕੀ ਜੋਨ ਵਿੱਚ ਨਾ ਆਉਣ /ਡੀਮ ਡੇਟ ਤਬਦੀਲ ਹੋਣ ਤੋਂ ਪਹਿਲਾਂ ਰਿਟਾਇਰ ਹੋਣ ਕਾਰਨ ਰਿਵਰਸਨ ਜੋਨ ਵਿੱਚ ਕੋਈ ਪਦ ਉਨਤ ਕਰਮਚਾਰੀ ਨਹੀ ਆਉਂਦੇ ਹਨ।

ਰੀਵਿਯੂ ਦੌਰਾਨ ਕਿਸੇਮਾਸਟਰ/ਮਿਸਟ੍ਰੈਸ ਨੂੰ ਪਦ ਉਨਤੀ ਲਈ ਅਯੋਗ ਨਹੀ ਪਾਇਆ ਗਿਆ ਹੈ।

**ਨੋਟ:**

ਮਾਨਯੋਗ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ:185 ਆਫ 2014 ਸਵੀਟੀ ਬਡਵਾਲ ਅਤੇ ਉਸ ਨਾਲ ਜੁੜੀਆਂ ਹੋਰ ਰਿੱਟਾਂ ਦੇ ਫੈਸਲੇ ਦੀ ਪਾਲਣਾ ਹਿੱਤ ਇਹ ਰੀਵਿਯੂ ਦੌਰਾਨ ਹੋਣ ਵਾਲੀ ਪਦ-ਉਨੱਤੀਆਂ ਨੂੰ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਵਿਚਾਰਿਆ ਜਾਵੇਗਾ:-

1. ਜਿਲ੍ਹਾ ਸਿੱਖਿਆ ਅਫਸਰ ਅਤੇ ਸੰਬੰਧਤ ਸਕੂਲ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਰੀਵਿਯੂ ਉਪਰੰਤ ਨਵੇਂ ਪਦ-ਉਨੱਤ ਹੋਏ ਜਾਂ ਜਿਨ੍ਹਾਂ ਦੀ ਨੋਸਨਲ ਤਰੱਕੀ ਦੀ ਮਿਤੀ ਤਬਦੀਲ ਹੋਈ ਹੋਵੇ ਉਨ੍ਹਾਂ ਕਰਮਚਾਰੀਆਂ ਦੇ ਖਿਲਾਫ ਬਣਦੀ ਨੋਸਨਲ ਤਰੱਕੀ ਦੀ ਡੀਮ ਡੇਟ ਸਮੇਂ ਕੋਈ ਫੋਜਦਾਰੀ ਕੇਸ / ਵਿਜੀਲੈਂਸ ਪੜਤਾਲ / ਵਿਭਾਗੀ ਪੜਤਾਲ (ਰੂਲ 8 ਦੇ ਤਹਿਤ) ਨਾਂ ਚੱਲਦੀ ਹੋਵੇ ਜਾਂ ਉਸ ਮਿਤੀ ਨੂੰ ਉਹ ਡੀਬਾਰ ਜਾਂ ਮੁਅੱਤਲ ਨਾਂ ਹੋਇਆ ਹੋਵੇ ਜਾਂ ਉਹ ਲੰਬੀ ਗੈਰ ਹਾਜਰੀ ਤੇ ਨਾਂ ਹੋਵੇ।ਅਜਿਹੇ ਕਰਮਚਾਰੀਆਂ ਨੂੰ ਬਤੋਰ ਲੈਕਚਰਾਰ ਹਾਜਰ ਨਾਂ ਕਰਵਾਇਆ ਜਾਵੇ।

2. ਜਿਸ ਮਿਤੀ ਤੋਂ ਕਰਮਚਾਰੀ ਦੀ ਪਦ ਉਨਤੀ ਹੋਵੇਗੀ, ਉਸ ਮਿਤੀ ਤੋ ਨੋਸ਼ਨਲ ਤੌਰ ਤੇ ਤਨਖਾਹ ਫਿਕਸ ਕੀਤੀ ਜਾਵੇਗੀ ਪਰ ਅਸਲ ਵਿੱਤੀ ਲਾਭ ਕਰਮਚਾਰੀ ਦੀ ਅਸਲ ਹਾਜਰੀ ਦੀ ਮਿਤੀ ਤੋ ਮਿਲਣਯੋਗ ਹੋਣਗੇ।ਜਿਨਾਂ ਕਰਮਚਾਰੀਆਂ ਦੀ ਪਦ ਉਨਤੀ ਦੀ ਡੀਮਡ ਮਿਤੀ 30-05-2008 ਤੋ ਬਦਲ ਕੇ 16-05-2012 ਜਾਂ 03-07-2016 ਹੋਈ ਹੈ, ਉਨਾਂ ਦੀ ਤਨਖਾਹ ਨਿਯਮਾਂ ਅਧੀਨ ਤਬਦੀਲ ਹੋਈ ਪਦ ਉਨਤੀ ਦੀ ਮਿਤੀ ਤੋਂ ਦੁਬਾਰਾ ਫਿਕਸ ਕੀਤੀ ਜਾਵੇਗੀ।

3. ਜਿਨ੍ਹਾਂ ਕਰਮਚਾਰੀਆਂ ਦੀ ਡੀਮ ਡੇਟ ਤਬਦੀਲ ਹੋ ਰਹੀ ਹੈ ਤਾਂ ਅਜਿਹੇ ਕਰਮਚਾਰੀ ਜੇਕਰ ਰੀਵਿਯੂ ਪਦ-ਉਨੱਤੀ ਦੀਆਂ ਲਿਸਟਾਂ ਵਿੱਚ ਦਰਸਾਏ ਗਏ ਸਕੂਲਾਂ ਤੋਂ ਬਦਲ ਕੇ ਜਾਂ ਪਦ-ਉਨੱਤੀ ਉਪਰੰਤ ਕਿਸੇ ਹੋਰ ਸਕੂਲ ਵਿੱਚ ਹਾਜਰ ਹੋਏ ਹਨ ਤਾਂ ਅਜਿਹੇ ਕਰਮਚਾਰੀਆਂ ਦੇ ਮੌਜੂਦਾ ਡੀ.ਡੀ.ਓ ਨੂੰ ਰੀਵਿਯੂ ਪਦ-ਉਨੱਤੀ ਦੀਆਂ ਲਿਸਟਾਂ ਵਿੱਚ ਦਰਸਾਏ ਗਏ ਸਕੂਲਾਂ ਦੇ ਡੀ.ਡੀ.ਓ. ਉਨ੍ਹਾਂ ਕਰਮਚਾਰੀਆਂ ਦੀ ਡੀਮ ਡੇਟ ਦੀ ਤਬਦੀਲੀ ਸਬੰਧੀ ਸੂਚਿਤ ਕਰਨਾ ਯਕੀਨੀ ਬਣਾਉਣਗੇ।

4. ਪਦ-ਉਨੱਤੀ ਰਿਵਿਊ ਦੇ ਹੁਕਮਾਂ ਸਬੰਧੀ ਸਬੰਧਤ ਡੀ.ਡੀ.ਓ ਨੂੰ ਆਦੇਸ਼ ਦੇਣਾ ਬਣਦਾ ਹੈ ਕਿ ਜਿਨ੍ਹਾਂ ਕਰਮਚਾਰੀਆਂ ਦੀ ਡੀਮ ਡੇਟ ਤਬਦੀਲ ਹੁੰਦੀ ਹੈ ਅਤੇ ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਵੇਰਵੇ ਈ-ਪੋਰਟਲ ਤੇ ਨਹੀ ਹਨ ਜਾਂ ਉਨ੍ਹਾਂ ਕਰਮਚਾਰੀਆਂ ਨੇ ਪੰਜਾਬ ਰਾਜ ਤੋਂ ਬਾਹਰ ਦੀਆਂ ਯੂਨੀਵਰਸਿਟੀਆਂ ਤੋਂ ਆਪਣੀ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੈ, ਅਜਿਹੇ ਕਰਮਚਾਰੀਆਂ ਦੀ ਪੋਸਟ ਗ੍ਰੇਜੂਏਸ਼ਨ ਡਿਗਰੀ ਸਬੰਧੀ ਦਸਤਾਵੇਜ ਅਤੇ ਹੋਰ ਲੋੜੀਦੇ ਵੇਰਵੇ ਮਿਤੀ-ਬੱਧ ਤਰੀਕੇ ਨਾਲ ਵਿਭਾਗ ਦੇ ਇਸ ਮੰਤਵ ਲਈ ਬਣਾਏ **special e-portal**ਤੇ ਮੁੱਖ ਦਫਤਰ ਨੂੰ ਚੈਕ ਕਰਨ ਲਈ ਭੇਜੇ ਜਾਣ।ਇਸ ਦੇ ਨਾਲ-ਨਾਲ ਰਿਵਿਊ ਉਪਰੰਤ ਨਵੇਂ ਪਦ-ਉਨੱਤ ਹੋਏ ਅਤੇ ਡੀਮ ਡੇਟ ਬਦਲਣ ਵਾਲੇ ਕਰਮਚਾਰੀਆਂ ਤੋਂ ਉਸ ਦੇ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਵਿਭਾਗੀ ਕਾਰਵਾਈ/ ਚਾਰਜਸੀਟ ਆਦਿ ਪੈਡਿੰਗ ਨਾਂ ਹੋਣ ਸਬੰਧੀ **ਸਵੈ-ਘੋਸ਼ਣਾ (ਕਾਪੀ ਨੱਥੀ)** ਪ੍ਰਾਪਤ ਕਰਕੇ ਵਿਭਾਗ ਨੂੰ ਉਪਰੋਕਤ ਸੂਚਨਾ ਦੇ ਨਾਲ ਹੀ **special e-portal**ਤੇ ਅਪਲੋਡ ਕਰਨੀ ਸਬੰਧਤ ਡੀ.ਡੀ.ਓ ਯਕੀਨੀ ਬਣਾਉਣਗੇ। ਕਿਸੇ ਵੀ ਕਰਮਚਾਰੀ ਵੱਲੋਂ ਦਿੱਤੀ ਸਵੈ ਘੋਸ਼ਣਾ ਗਲਤ ਹੋਣ ਦੀ ਸੂਰਤ ਵਿੱਚ ਕਰਮਚਾਰੀ ਦੀ ਪਦ-ਉਨੱਤੀ ਰੱਦ ਸਮਝੀ ਜਾਵੇਗੀ ਅਤੇ ਉਸ ਵਿਰੁੱਧ ਨਿਯਮਾਂ ਅਨੁਸਾਰ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

5. ਰੀਵਿਯੂ ਕਰਨ ਉਪਰੰਤ ਕਰਮਚਾਰੀ ਦਾ ਲੈਕਚਰਾਰ ਕਾਡਰ ਵਿੱਚ ਸੀਨੀਆਰਤਾ ਨੰਬਰ ਤਰੱਕੀ ਦੀ ਡੀਮਡ ਮਿਤੀ ਅਨੁਸਾਰ ਪ੍ਰਭਾਵਿਤ ਹੋਵੇਗਾ।

6. ਇਸ ਰੀਵਿਊ ਉਪਰੰਤ ਪਦ-ਉਨੱਤੀਆਂ ਦੀਆਂ ਮਿਤੀਆਂ ਵਿੱਚ ਹੋਣ ਵਾਲੀ ਤਬਦੀਲੀ ਕੇਵਲ ਇਨ੍ਹਾਂ ਕੇਸਾਂ ਤੇ ਹੀ ਲਾਗੂ ਹੋਵੇਗੀ।ਜੋ ਕਰਮਚਾਰੀ ਸਿੱਧੀ ਭਰਤੀ ਰਾਹੀਂ ਲੈਕਚਰਾਰ ਭਰਤੀ ਹੋਏ ਹਨ ਉਨ੍ਹਾਂ ਤੇ ਇਹ ਤਬਦੀਲੀ ਲਾਗੂ ਨਹੀਂ ਹੋਵੇਗੀ।

7. ਮਿਤੀ 30-05-2008, 16-05-2012, 03-07-2016 ਅਤੇ 27-02-2017 ਦੀ ਪਦ-ਉਨਤੀਆਂ ਵਿੱਚ ਜਿਹੜੇ ਕਰਮਚਾਰੀ ਯੂਨੀਵਰਸਿਟੀ ਦੀ ਰਾਜ ਦੀ ਸੀਮਾ ਤੋਂ ਬਾਹਰ ਰਹਿਕੇ ਮਾਸਟਰ ਡਿਗਰੀ ਪ੍ਰਾਪਤ ਹੋਣ ਕਾਰਨ ਪ੍ਰੋਵੀਜਨਲ ਪਦ-ਉਨੱਤ ਹੋਏ ਹਨ, ਉਨ੍ਹਾਂ ਕਰਮਚਾਰੀਆਂ ਤੇ ਸਿਵਲ ਰਿੱਟ ਪਟੀਸਨ ਨੰ 13563 ਆਫ 2016 ਵਿੱਚ ਹੋਣ ਵਾਲਾ ਫੈਸਲਾ ਲਾਗੂ ਹੋਵੇਗਾ।

8 ਇਨ੍ਹਾਂ ਹੁਕਮਾਂ ਅਨੁਸਾਰ ਨਵੇਂ ਪਦ ਉਨੱਤ ਹੋਣ ਵਾਲੇ ਲੈਕਚਰਾਰ ਸਟੇਸ਼ਨ ਮਿਲਣ ਤੱਕ ਆਪਣੇ ਸਕੂਲ ਵਿੱਚ ਹੀ ਕੰਮ ਕਰਦੇ ਰਹਿਣਗੇ।

9. ਰੀਵਿਊ ਉਪਰੰਤ ਜਿਨ੍ਹਾਂ ਕਰਮਚਾਰੀਆਂ ਦੀ ਡੀਮ ਡੇਟ ਤਬਦੀਲ ਹੁੰਦੀ ਹੈ ਜਾਂ ਨਵੀਂ ਪਦ-ਉਨੱਤੀ ਹੁੰਦੀ ਹੈ ਜੇਕਰ ਉਹ ਕਰਮਚਾਰੀ ਤਬਦੀਲ ਹੋਈ ਮਿਤੀ ਨੂੰ ਜਾਂ ਨਵੀਂ ਪਦ-ਉਨੱਤੀ ਦੀ ਮਿਤੀ ਨੂੰ ਵਾਧੇ ਤੇ ਚੱਲ ਰਿਹਾ ਹੈ ਤਾਂ ਉਸ ਤੇ ਇਹ ਹੁਕਮ ਲਾਗੂ ਨਹੀਂ ਹੋਣਗੇ।

10 ਇਹ ਪਦ-ਉਨੱਤੀਆਂ ਰਿਵਰਸਨ ਅਧੀਨ ਆਉਂਦੇ ਲੈਕਚਰਾਰਾਂ ਸਬੰਧੀ ਭਵਿੱਖ ਵਿੱਚ ਮਾਨਯੋਗ ਅਦਾਲਤਾਂ ਦੇ ਹੁਕਮਾਂ ਤੇ ਨਿਰਭਰ ਹੋਣਗੀਆਂ ਅਤੇ ਇਸ ਮੁੱਦੇ ਸਬੰਧੀ ਕਿਸੇ ਵੀ ਪ੍ਰਬੰਧਕੀ ਜਾਂ ਹੋਰ ਕਾਰਨਾਂ ਜਾਂ ਮਾਨਯੋਗ ਅਦਾਲਤਾਂ ਦੇ ਇਸ ਸਬੰਧੀ ਹੁਕਮਾਂ ਤੇ ਵੀ ਨਿਰਭਰ ਹੋਣਗੀਆਂ।

ਜੇਕਰ ਕੋਈ ਕਰਮਚਾਰੀ ਉਪਰੋਕਤ ਸ਼ਰਤਾਂ ਪੂਰੀਆਂ ਨਹੀ ਕਰਦਾ ਤਾਂ ਉਸ ਕਰਮਚਾਰੀ ਦੀ ਉਕਤ ਰਿਵਿਊ ਉਪਰੰਤ ਕੀਤੀ ਗਈ ਪਦ ਉਨਤੀ ਰੱਦ ਸਮਝੀ ਜਾਵੇ ਅਤੇ ਇਸ ਸਬੰਧੀ ਸਬੰਧਤ ਡੀ.ਡੀ.ਓ. ਆਪਣੇ ਜਿਲੇ ਦੇ ਜਿਲਾ ਸਿੱਖਿਆ ਅਫਸਰ ਰਾਹੀ ਵਿਭਾਗ ਨੂੰ ਤੁਰੰਤ ਸੂਚਿਤ ਕਰੇਗਾ।ਰੀਵਿਊ ਦੋਰਾਨ ਪੱਦ-ਉਨਤੀ ਲਈ ਪੈਂਡਿੰਗ ਰਖੇ ਗਏ ਕਰਮਚਾਰੀਆਂ ਦੇ ਵੇਰਵੇ 15 ਦਿਨ ਦੇ ਅੰਦਰ ਪੂਰੇ ਕਰਵਾਏ ਜਾਣ। ਵੇਰਵੇ ਮੁਕੰਮਲ ਨਾ ਕਰਵਾਉਣ ਦੀ ਨਿਰੋਲ ਜਿੰਮੇਵਾਰੀ ਸਬੰਧਤ ਕਰਮਚਾਰੀ ਅਤੇ ਉਸ ਦੇ ਡੀ.ਡੀ.ਓ ਦੀ ਹੋਵੇਗੀ।ਇਸ ਤੋਂ ਇਲਾਵਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਰਤ ਨੰ 1,2 ਅਤੇ 3 ਸਬੰਧੀ ਰਿਪੋਰਟ **consolidate**ਕਰਕੇ ਦਫਤਰ ਡੀ.ਪੀ.ਆਈ (ਸੈਸਿ) ਪੰਜਾਬ ਨੂੰ ਈ-ਮੇਲ : **lectpro2016@gmail.com**ਰਾਹੀਂ 1 ਮਹੀਨੇ ਦੇ ਅੰਦਰ-ਅੰਦਰ ਹਰ ਹਾਲਤ ਵਿੱਚ ਭੇਜਣਗੇ। ਦੇਰੀ ਦੀ ਸੂਰਤ ਵਿੱਚ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇਗੀ।

ਕ੍ਰਿਸ਼ਨ ਕੁਮਾਰ
ਸਕੱਤਰ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: ਉਕਤ/2019311551-11560 ਮਿਤੀ: 17-09-2019

**ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1 ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ ਨਗਰ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਐਸ.ਏ.ਐਸ ਨਗਰ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ, ਐਸ.ਏ.ਐਸ ਨਗਰ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਐਸ.ਏ.ਐਸ ਨਗਰ।
5. ਡੀ.ਪੀ.ਆਈ (ਯੂ.ਟੀ), ਚੰਡੀਗੜ੍ਹ ਅਤੇ ਯੂ.ਟੀ ਦੇ ਸਬੰਧਤ ਸਕੂਲ।
6. ਡਿਪਟੀ ਮੈਨੇਜਰ, ਐਮ.ਆਈ.ਐਸ ਵਿੰਗ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਦੀ ਕਾਪੀ **www.ssapunjab.org**ਵੈਬਸਾਇਟ ਤੇ ਅਪਲੋਡ ਕੀਤੀ ਜਾਵੇ।
7. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
8. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪੰਜਾਬ।
9. ਪੰਜਾਬ ਰਾਜ ਦੇ ਸਬੰਧਤ ਸਕੂਲ ਮੁੱਖੀ।
10. ਸੰਬਧਤ ਕਰਮਚਾਰੀ।

ਸਹਾਇਕ ਡਾਇਰੈਕਟਰ(ਤਰੱਕੀਆਂ)